ਸ੍ਰੀ-1

ਸੁਭ ਕਰਮਨ ਤੇ ਕਬਹੂੰ ਨ ਟਰੋਂ

# ਲੋਕ ਹਿਤੈਸ਼ੀ ਸੱਥ ਬਠਿੰਡਾ


ਰਜਿ: ਨੰ: 54/2023-2024

ਈਮੇਲ:lokehiteshisath@gmail.com

ਪ੍ਰਧਾਨ
ਇੰਜ: ਕਰਨੈਲ ਸਿੰਘ ਮਾਨ
ਮੁੱਖ ਇੰਜੀਨੀਅਰ (ਸੇਵਾ ਮੁਕਤ)
ਫੋਨ ਨੰ: 96461 18106

ਜਨਰਲ ਸਕੱਤਰ
ਇੰਜ: ਦਰਸ਼ਨ ਸਿੰਘ ਭੁੱਲਰ
ਉਪ-ਮੁੱਖ ਇੰਜੀਨੀਅਰ (ਸੇਵਾ ਮੁਕਤ)
ਫੋਨ ਨੰ: 9417428643


## ਨਿਸ਼ਾਨੇ ਅਤੇ ਮਕਸਦ

ਸਤਿ ਸ੍ਰੀ ਅਕਾਲ ਜੀ,

ਇਸ ਸੰਸਥਾ ਨਾਮ "ਲੋਕ ਹਿਤੈਸ਼ੀ ਸੱਥ ਹੈ। ਪੰਜਾਬ ਦੇ ਹਰ ਪਿੰਡ ਵਿੱਚ ਇੱਕ ਅਜਿਹੀ ਥਾਂ ਹੈ ਜਿੱਥੇ ਪਿੰਡ ਦੇ ਸਿਆਣੇ ਬਜ਼ੁਰਗ ਅਤੇ ਨੌਜਵਾਨ ਰੋਜ਼ਾਨਾ ਸਵੇਰੇ ਸ਼ਾਮ ਇਕੱਠੇ ਹੁੰਦੇ ਹਨ ਜਿਸ ਨੂੰ 'ਸੱਥ' ਕਿਹਾ ਜਾਂਦਾ ਹੈ। ਉਹ ਸਮਾਜ, ਪਿੰਡ ਅਤੇ ਦੇਸ਼ ਨਾਲ ਸਬੰਧਤ ਮੁੱਦਿਆਂ ਅਤੇ ਉਨ੍ਹਾਂ ਦੇ ਹੱਲ ਬਾਰੇ ਚਰਚਾ ਕਰਦੇ ਹਨ। ਇਸ ਲਈ ਇਸ ਸੰਸਥਾ ਦਾ ਨਾਂ ਪਿੰਡਾਂ ਦੀ ਇਸ ਪਰੰਪਰਾ ਤੋਂ ਲਿਆ ਗਿਆ ਹੈ। ਇਹ ਸੰਸਥਾ ਲੋਕਾਂ ਦੀ ਭਲਾਈ ਨਾਲ ਸਬੰਧਤ ਮਾਮਲੇ ਦੀ ਚਰਚਾ ਕਰਦਾ ਹੈ ਇਸ ਲਈ ਇਸਦਾ ਨਾਮ "ਲੋਕ ਹਿਤੈਸ਼ੀ ਸੱਥ" ਹੈ।

ਲੋਕ ਹਿਤੈਸ਼ੀ ਸੱਥ 1860 ਦੇ ਸੋਸਾਇਟੀਜ਼ ਐਕਟ XXI ਤਹਿਤ ਰਜਿਸਟਰਡ ਹੈ ਅਤੇ ਸੱਥ ਦਾ ਰਜਿਸਟ੍ਰੇਸ਼ਨ ਨੰਬਰ 2023-24 ਦਾ 54 ਹੈ। ਇਸ ਦੇ ਦਫ਼ਤਰ ਦਾ ਪਤਾ ਐਸਸੀਓ ਨੰਬਰ 54, ਫੇਜ਼-3 ਦਾਦੀ-ਪੋਤੀ ਪਾਰਕ ਦੇ ਸਾਹਮਣੇ, ਮਾਡਲ ਟਾਊਨ ਬਠਿੰਡਾ (ਪੰਜਾਬ)-151001 ਹੈ।

## ਲੋਕ ਹਿਤੈਸ਼ੀ ਸੱਥ ਦਾ ਆਦਰਸ਼ ਹੈ: ਸੁਭ ਕਰਮਨ ਤੇ ਕਬਹੂੰ ਨ ਟਰੋਂ ॥

**ਸੱਥ ਦੇ ਉਦੇਸ਼ ਅਤੇ ਨਿਸ਼ਾਨੇ :**

1. ਸਮਾਜ ਵਿੱਚ ਨੈਤਿਕ ਕਦਰਾਂ ਕੀਮਤਾਂ ਨੂੰ ਉਤਸ਼ਾਹਿਤ ਕਰਨਾ।
2. ਵਾਤਾਵਰਣ ਦੀ ਸ਼ੁਧਤਾ ਲਈ ਜਾਗਰੂਕਤਾ ਪੈਦਾ ਕਰਨਾ।

**ਦ੍ਰਿਸ਼ਟੀ:** ਸਮਾਜ ਵਿੱਚ ਨੈਤਿਕ ਕਦਰਾਂ-ਕੀਮਤਾਂ ਜਿਵੇਂ ਇਮਾਨਦਾਰੀ, ਪਿਆਰ, ਮਿਹਨਤ, ਦਿਆਲਤਾ ਆਦਿ ਨੂੰ ਪੈਦਾ ਕਰਨਾ।

ਲੋਕ ਹਿਤੈਸ਼ੀ ਸੱਥ ਦਾ ਮੰਨਣਾ ਹੈ ਕਿ ਸਾਡੇ ਸਮਾਜਿਕ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ ਦਾ ਬਹੁਤ ਪਤਨ ਹੋਇਆ ਹੈ। ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ ਅਤੇ ਅਧਿਆਪਕ ਕਿਸੇ ਵੀ ਸਮਾਜ ਅਤੇ ਰਾਸ਼ਟਰ ਦੇ ਨਿਰਮਾਤਾ ਹੁੰਦੇ ਹਨ। ਲੋਕ ਹਿਤੈਸ਼ੀ ਸੱਥ ਸਮਝਦੀ ਹੈ ਕਿ ਦ੍ਰਿਸ਼ਟੀ ਨੂੰ ਅਮਲ ਵਿੱਚ ਲਿਆਉਣ ਲਈ ਸਕੂਲ ਸਭ ਤੋਂ ਵਧੀਆ ਸਥਾਨ ਹੈ ਜਿੱਥੋਂ ਇਸਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਇਸ ਲਈ ਲੋਕ ਹਿਤੈਸ਼ੀ ਸੱਥ ਦੇ ਕੰਮ ਕਰਨ ਦਾ ਢੰਗ ਇਸ ਤਰ੍ਹਾਂ ਹੈ :

1. **ਸਕੂਲੀ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ:**
   - ਸਾਡੇ ਸਮਾਜ ਵਿੱਚ ਨਿਘਾਰ ਦਾ ਇੱਕ ਕਾਰਨ ਸਾਡੀ ਸਿੱਖਿਆ ਪ੍ਰਣਾਲੀ ਹੈ ਜੋ "ਪਰਉਪਕਾਰੀ" ਦੇ ਸੰਕਲਪ ਤੋਂ ਵਾਂਝੀ ਹੈ। ਸਿੱਖਿਆ ਦਾ ਪੂਰੀ ਤਰ੍ਹਾਂ ਵਪਾਰੀਕਰਨ ਹੋ ਚੁੱਕਾ ਹੈ। ਇਹ ਬਹੁਤ ਜ਼ਰੂਰੀ ਹੈ ਕਿ ਨੌਜਵਾਨ ਪੀੜ੍ਹੀ ਸਿੱਖਿਆ ਦੇ ਅਸਲ ਉਦੇਸ਼ਾਂ ਨੂੰ ਸਮਝੇ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ

ਪਿੜ ਅੰਕਣ ਨੰ. ਜੀ-1/1 ()2024/ 11118 ਮਿਤੀ 21.10.24

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਬਠਿੰਡਾ ।

ਸਕੂਲ ਜਾਣ ਵਾਲੇ ਬੱਚਿਆਂ ਦੀ ਕੋਮਲ ਉਮਰ ਸਭ ਤੋਂ ਉੱਤਮ ਹੁੰਦੀ ਹੈ ਜਦੋਂ ਨੈਤਿਕ ਕਦਰਾਂ-ਕੀਮਤਾਂ ਨੂੰ ਉਭਾਰਿਆ ਜਾ ਸਕਦਾ ਹੈ। ਜਿਹੜੀਆਂ ਗੱਲਾਂ ਉਹ ਸਿੱਖਦੇ ਹਨ, ਉਹ ਜੀਵਨ ਭਰ ਉਨ੍ਹਾਂ ਦੇ ਮਨਾਂ ਵਿੱਚ ਵਸ ਜਾਂਦੀਆਂ ਹਨ। ਇਸੇ ਸਮਝ ਨੂੰ ਮੁੱਖ ਰੱਖਦਿਆਂ "ਲੋਕ ਹਿਤੈਸ਼ੀ ਸੱਥ" ਨੇ ਸਕੂਲੀ ਬੱਚਿਆਂ ਨਾਲ ਨੈਤਿਕ ਸਿੱਖਿਆ ਸਬੰਧੀ ਸੰਵਾਦ ਰਚਾਉਣ ਦਾ ਬੀੜਾ ਚੁੱਕਿਆ ਹੈ।

- **ਇਸ ਪ੍ਰੋਗਰਾਮ ਦੇ ਤਹਿਤ:**
  - ਇਹ ਸੱਚ ਹੈ ਕਿ ਹਰ ਨੌਜਵਾਨ ਵਿਦਿਆਰਥੀ ਜੋ ਇਸ ਸਿੱਖਿਆ ਪ੍ਰਣਾਲੀ ਦਾ ਹਿੱਸਾ ਹੈ, ਉਹ ਅਜਿਹੇ ਮਾਹੌਲ ਵਿਚ ਵੱਡਾ ਹੋ ਰਿਹਾ ਹੈ ਜੋ ਮਾਨਸਿਕ ਤਣਾਅ, ਚਿੰਤਾ ਅਤੇ 'ਅਸਫਲਤਾ' ਦੇ ਅਥਾਹ ਡਰ ਦੇ ਵਿਕਾਸ ਲਈ ਅਨੁਕੂਲ ਹੈ। ਵਿਦਿਆਰਥੀਆਂ ਨੂੰ ਸਿੱਖਿਆ ਅਤੇ ਜੀਵਨ ਦਾ ਅਸਲ ਅਰਥ ਸਮਝਾਇਆ ਜਾਂਦਾ ਹੈ ਤਾਂ ਜੋ ਉਹ ਇਸ ਅਸਫਲਤਾ ਦੇ ਡਰ ਤੋਂ ਬਾਹਰ ਆ ਸਕਣ।
  - ਸਮਾਜਿਕ ਬੁਰਾਈਆਂ ਅਤੇ ਸਮਾਜ ਵਿੱਚ ਵਿਕਾਰ ਅਤੇ ਉਹਨਾਂ ਦੇ ਹੱਲ ਬਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਚਰਚਾ ਕੀਤੀ ਜਾਂਦੀ ਹੈ।

- **ਸਰਵੋਤਮ ਸਰੋਤਾ ਇਨਾਮ : ਸੁਣਨਾ ਅਤੇ ਗੁਰਬਾਣੀ**

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥
ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥੫॥੨॥

ਸੋ ਗੁਰੂ ਨਾਨਕ ਦੇਵ ਜੀ ਨੇ ਵੀ ਕੁੱਝ ਵੀ ਕਹਿਣ ਤੋਂ ਪਹਿਲਾਂ ਸੁਣਨ ਨੂੰ ਤਰਜ਼ੀਹ ਦਿੱਤੀ ਹੈ । ਜੇਕਰ ਅਸੀਂ ਸੁਣਦੇ ਨਹੀਂ ਤਾਂ ਸਾਨੂੰ ਤਮਾਮ ਉਮਰ ਰਹਿਣਾ ਨਹੀ ਆ ਸਕਦਾ ਤੇ ਜੀਵਦੇ ਹੀ ਮਰਿਆ ਬਰੋਬਰ ਹੁੰਦੇ ਹਾਂ॥

ਧਿਆਨ ਨਾਲ ਸੁਣਨਾ ਵੀ ਇੱਕ ਹੁਨਰ ਹੈ। ਸੰਚਾਰ ਵਿੱਚ ਧਿਆਨ ਨਾਲ ਸੁਣਨਾ ਮਹੱਤਵਪੂਰਨ ਹੈ। ਵਿਦਿਆਰਥੀਆਂ ਨੂੰ ਅਗਲੇ ਦਿਨ/ਹਫ਼ਤੇ ਪ੍ਰੋਗਰਾਮ ਵਿੱਚ ਪੇਸ਼ ਕੀਤੇ ਗਏ ਵਿਚਾਰਾਂ ਦਾ ਸਾਰ ਲਿਖਣ ਲਈ ਕਿਹਾ ਜਾਂਦਾ ਹੈ। ਫਿਰ ਇਹਨਾਂ ਵਿੱਚੋਂ ਸਭ ਤੋਂ ਵਧੀਆ ਤਿੰਨ ਨਿਬੰਧਾਂ ਨੂੰ ਸੱਥ ਦੁਆਰਾ 'ਸਰਵੋਤਮ ਸਰੋਤਾ ਇਨਾਮ' ਲਈ ਚੁਣਿਆ ਜਾਂਦਾ ਹੈ। ਪੁਰਸਕਾਰ ਵਿੱਚ ਸ਼ਾਮਲ ਹਨ:

1. ਪਹਿਲਾ ਇਨਾਮ ਇੱਕ ਯਾਦਗਾਰੀ ਚਿੰਨ੍ਹ, ਇੱਕ ਸਰਟੀਫਿਕੇਟ ਅਤੇ ₹1100/- ਦਾ ਨਕਦ ਇਨਾਮ
2. ਦੂਜਾ ਅਵਾਰਡ ਇੱਕ ਸਰਟੀਫਿਕੇਟ ਅਤੇ ₹500/- ਦਾ ਨਕਦ ਇਨਾਮ
3. ਤੀਜਾ ਇਨਾਮ ਇੱਕ ਸਰਟੀਫਿਕੇਟ ਅਤੇ ₹200/- ਦਾ ਨਕਦ ਇਨਾਮ

2. **ਵਾਤਾਵਰਣ ਦੀ ਸ਼ੁੱਧਤਾ**: ਵਾਤਾ ਵਰਣ ਦੀ ਸ਼ੁੱਧਤਾ ਲਈ ਸਕੂਲਾਂ ਜਾਂ ਜਿੱਥੇ ਸੰਭਵ ਹੋਵੇ ਦਰੱਖਤ ਲਗਾਏ ਜਾਂਦੇ ਹਨ। ਸਕੂਲਾਂ ਵਿੱਚ ਤਕਰੀਬਨ 5 ਦਰੱਖਤ ਲਾਏ ਜਾਦੇ ਹਨ। ਜੋ ਵਿਦਿਆਰਥੀ ਉਹਨਾਂ ਦੀ ਚੰਗੀ ਦੇਖ-ਭਾਲ ਕਰਦੇ ਹਨ ਉਹਨਾਂ ਨੂੰ ਉਤਸ਼ਾਹਿਤ ਕਰਨ ਲਈ ਇਨਾਮ ਦਿੱਤਾ ਜਾਂਦਾ ਹੈ।

ਆਸ ਕੀਤੀ ਜਾਂਦੀ ਹੈ ਕਿ ਤੁਸੀਂ ਇਸ ਪਵਿੱਤਰ ਪ੍ਰੋਗਰਾਮ ਨੂੰ ਆਪਣੇ ਸਕੂਲ/ਸੰਸਥਾ ਵਿੱਚ ਆਯੋਜਿਤ ਕਰਨ ਦੀ ਇਜਾਜ਼ਤ ਦਿਓਗੇ ਅਤੇ ਇਸ ਮੁਹਿੰਮ ਦਾ ਹਿੱਸਾ ਬਣੋਗੇ।

Bhullar

ਜਨਰਲ ਸਕੱਤਰ
ਲੋਕ ਹਿਤੈਸ਼ੀ ਸੱਥ

ਨੋਟ: ਗਤੀਵਿਧੀਆਂ ਦੀ ਜਾਣਕਾਰੀ ਹਿੱਤ ਕੁੱਝ ਤਸਵੀਰਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ ਜੀ :-